ਦਫਤਰ: ਕਾਰਜਕਾਰੀ ਇੰਜੀਨੀਅਰ,ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
(ਭਵਨ ਤੇ ਮਾਰਗ ਸ਼ਾਖਾ), ਨਾਭਾ।
ਪਤਾ: ਹੀਰਾ ਇਨਕਲੇਵ, ਪ੍ਰਬੰਧਕੀ ਕੰਪਲੈਕਸ, ਬਲਾਕ-ਸੀ, ਨਾਭਾ।
ਫੋਨ ਨੰਬਰ: 01765-220135 ਈ-ਮੇਲ: xennabha@gmail.com

ਮੀਮੋ ਨੰਬਰ 1501 ਮਿਤੀ: 12/6/19.

ਰਜਿਸਟਰਡ

ਵੱਲ

Manager
GB International School,
Patiala Road Nabha-147201,Distt. Patiala (pb)
Ph. 01765-228125

ਵਿਸ਼ਾ GB International School Nabha ਦਾ ਸੇਫਟੀ ਸਰਟੀਫਿਕੇਟ ਆਰਜੀ ਤੋਰ ਤੇ ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਨੰ:GBIS067/2019-20 ਮਿਤੀ 17-05-2019

ਉਪਰੋਕਤ ਵਿਸ਼ੇ ਸਬੰਧੀ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ ਨੰ. 2 ਭ ਤੇ ਮ ਸ਼ਾਖਾ, ਨਾਭਾ ਵਲੋਂ ਇਮਾਰਤ ਦਾ ਨਿਰੀਖਣ 29-05-2019 ਨੂੰ ਕੀਤਾ ਗਿਆ। ਸੰਬਧਤ ਉਪ ਮੰਡਲ ਇੰਜੀਨੀਅਰ ਦੀ ਰਿਪੋਰਟ ਅਨੁਸਾਰ ਇਹ ਬਿਲਡਿੰਗ ਦੇਖਣ ਵਿੱਚ ਸੇਫ ਜਾਪਦੀ ਹੈ। ਪ੍ਰੰਤੂ ਉਹਨਾਂ ਦੀ ਰਿਪੋਰਟ ਅਨੁਸਾਰ ਫਸਟ ਅਤੇ ਸੈਕਿੰਡ ਫਲੋਰ ਨੂੰ ਜਾਣ ਵਾਲੀਆਂ ਪੋੜੀਆਂ ਦੇ ਨਾਲ ਗਰੀਲਾਂ ਆਪ ਦੇ ਸਕੂਲ ਵਲੋ ਨਹੀ ਲਗਾਈਆਂ ਗਈਆਂ ਅਤੇ ਬੇਸਮੈਂਟ ਵਿਚ ਵੈਂਟੀਲੇਸ਼ਨ ਦਾ ਪ੍ਰਬੰਧ ਵੀ ਨਹੀ ਕੀਤਾ ਹੋਇਆ। ਆਪ ਦੇ ਸਕੂਲ ਵਲੋ ਐਨ.ਓ.ਸੀ ਜਾਰੀ ਕਰਨ ਸਬੰਧੀ ਫੀਸ ਬਾਬਤ ਰਕਮ 1,50,000/- ਰੁਪਏ ਐਚ.ਡੀ.ਐਫ.ਸੀ. ਬੈਂਕ ਦਾ ਡਰਾਫਟ ਨੰਬਰ 009486 ਮਿਤੀ 30.05.2019 ਰਾਹੀਂ ਦਸ ਸਾਲਾਂ ਲਈ ਜਮਾਂ ਕਰਵਾਈ ਗਈ ਹੈ। ਇਸ ਲਈ ਉਪਰੋਕਤ ਦੇ ਸਨਮੁੱਖ ਆਪ ਨੂੰ ਨਾਲ ਨੱਥੀ ਨਕਸ਼ੇ ਮੁਤਾਬਿਕ ਬਿਲਡਿੰਗ ਦਾ **ਆਰਜੀ** ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ:-

1. ਬਿਲਡਿੰਗ ਦੇ ਆਲੇ-ਦੁਆਲੇ ਅਤੇ ਛੱਤਾਂ ਤੇ ਪਾਣੀ ਖੜਾ ਨਾ ਹੋਣ ਦਿੱਤਾ ਜਾਵੇ।
2. ਜੇਕਰ ਇਮਾਰਤ ਵਿੱਚ ਕਿਸੇ ਕਿਸਮ ਦੀ ਤਰੇੜ ਵਗੈਰਾ ਜਾਂ ਫਿਰ ਸਲਾਬ ਆਦਿ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕੀਤਾ ਜਾਵੇ ਅਤੇ ਉਸ ਜਗ੍ਹਾਂ ਦੀ ਰਿਪੇਅਰ ਤੁਰੰਤ ਕਿਸੇ ਮੰਨਜੂਰਸ਼ੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਈ ਜਾਵੇ ਅਤੇ ਉਸ ਥਾਂ ਦਾ ਮੁੜ ਤੋਂ ਸੇਫਟੀ ਸ਼ਰਟੀਫਿਕੇਟ ਇਸ ਮਹਿਕਮੇ ਤੋਂ ਜਾਰੀ ਕਰਵਾਇਆ ਜਾਵੇ।
3. ਨਾਲ ਨੱਥੀ ਨਕਸ਼ੇ ਤੋਂ ਇਲਾਵਾ ਜੇਕਰ ਆਪ ਵਲੋਂ ਕੋਈ ਵਾਧੂ ਉਸਾਰੀ ਕਰਨੀ ਹੋਵੇ ਤਾਂ ਉਸਦੀ ਮੰਜੂਰੀ ਇਸ ਮਹਿਕਮੇ ਪਾਸੋਂ ਲਈ ਜਾਵੇ ਅਤੇ ਵਾਧੂ ਉਸਾਰੀ ਦਾ ਕੰਮ ਕਿਸੇ ਮੰਨਜੂਰਸ਼ੁਦਾ ਸਟਰਕਚਰਲ ਇੰਜੀਨੀਅਰ ਦੀ ਨਿਗਰਾਨੀ ਹੇਠ ਕਰਵਾਇਆ ਜਾਵੇ।
4. ਜੇਕਰ ਆਪ ਵੱਲੋਂ ਆਉਣ ਵਾਲੇ ਸਮੇਂ ਅਗਲੇ ਦੋ ਸਾਲ ਦੌਰਾਨ ਸਕੂਲ ਬਿਲਡਿੰਗ ਵਿੱਚ ਕੋਈ ਵਾਧਾ ਘਾਟਾ ਕੀਤਾ ਜਾਂਦਾ ਹੈ ਅਤੇ ਇਸ ਮਹਿਕਮੇ ਨੂੰ ਇਤਲਾਹ ਨਹੀ ਦਿੱਤੀ ਜਾਂਦੀ ਤਾਂ ਉਕਤ ਜਾਰੀ ਹੋਇਆ ਸਕੂਲ ਸੇਫਟੀ ਸ਼ਰਟੀਫਿਕੇਟ ਬਿਨਾਂ ਕਿਸੇ ਕਾਰਨ ਦੱਸੋਂ ਨੋਟਿਸ ਦੇ ਇਸ ਮਹਿਕਮੇ ਵੱਲੋਂ ਰੱਦ ਸਮਝਿਆ ਜਾਵੇਗਾ ਜਿਸ ਦੀ ਨਿਰੋਲ ਜ਼ਿਮੇਵਾਰੀ ਸਕੂਲ ਪ੍ਰਸ਼ਾਸਨ ਦੀ ਹੋਵੇਗੀ।
5. ਜੇਕਰ ਆਉਣ ਵਾਲੇ ਸਮੇਂ ਦੌਰਾਨ ਸਰਕਾਰ ਦੀਆਂ ਕੋਈ ਹਦਾਇਤਾਂ ਨਵੀਆਂ ਫੀਸਾਂ ਸਬੰਧੀ ਬਿਲਡਿੰਗ ਸਟਰਕਚਰ ਸਬੰਧੀ ਆਉਂਦੀਆਂ ਹਨ ਤਾਂ ਸਕੂਲ ਮਨੇਜ਼ਮੈਂਟ ਉਹਨਾਂ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।
6. ਇੱਥੇ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਕੂਲ ਪ੍ਰਸਾਸ਼ਨ ਬਿਲਡਿੰਗ ਸਬੰਧੀ ਫਾਈਰ ਸੇਫਟੀ ਸ਼ਰਟੀਫਿਕੇਟ ਸਬੰਧਤ ਮਹਿਕਮੇ ਤੋਂ ਹਰ ਸਾਲ ਆਪਣੇ ਖਰਚੇ ਤੇ ਲੈਣ ਦਾ ਪਾਬੰਦ ਹੋਵੇਗਾ। ਜੇਕਰ ਸਕੂਲ ਬਿਲਡਿੰਗ ਵਿੱਚ ਕਿਸੇ ਕਿਸਮ ਦੀ ਅਣਸੁਖਾਵੀਂ ਘਟਨਾ ਵਾਪਰ ਦੀ ਹੈ ਤਾਂ ਇਸ ਮਹਿਕਮੇ ਦੀ ਕੋਈ ਜ਼ਿਮੇਵਾਰੀ ਨਹੀਂ ਹੋਵੇਗੀ।
7. ਭਵਿੱਖ ਵਿਚ ਆਡਿਟ ਦੌਰਾਨ ਜਾਂ ਫੇਰ ਜੇਕਰ ਇਸ ਮਹਿਕਮੇ ਵਲੋ ਆਪ ਦੇ ਸਕੂਲ/ਸੰਸਥਾਂ ਵਿਰੁੱਧ ਕੋਈ ਬਕਾਇਆ/ਦੇਣਦਾਰੀ ਨਿਕਲਦੀ ਹੈ ਤਾਂ ਆਪ ਉਹ ਬਕਾਇਆ/ਦੇਣਦਾਰੀ ਇਸ ਦਫਤਰ ਵਿਖੇ ਜਮਾਂ ਕਰਵਾਉਣ ਦੇ ਪਾਬੰਦ ਹੋਵੇਗੇ ਅਤੇ ਇਸ ਸਬੰਧੀ ਕੋਈ ਕਲੇਮ/ਲਿਟੀਗੇਸ਼ਨ ਨਹੀ ਕਰੋਗੇ।

 ਚੱਲਦਾ ਪੰਨਾ ਨੰ 2

Scanned by CamScanner